# IBSA Sherpas' Meeting (6 August, 2020)

August 06, 2020

………………………………………………………………………………………….

## IBSA ਸ਼ੇਰਪਾਵਾਂ  ਦੀ ਮੀਟਿੰਗ (6 ਅਗਸਤ, 2020)

6 ਅਗਸਤ, 2020

1. IBSA (ਭਾਰਤ, ਬ੍ਰਾਜ਼ੀਲ ਅਤੇ ਦੱਖਣੀ ਅਫਰੀਕਾ) ਸ਼ੇਰਪਾਵਾਂ  ਦੀ ਬੈਠਕ 6 ਅਗਸਤ, 2020 ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ।

2. ਵਿਦੇਸ਼ ਮੰਤਰਾਲੇ ਵਿੱਚ ਸਕੱਤਰ (ਆਰਥਿਕ ਸੰਬੰਧ) ਸ਼੍ਰੀ ਰਾਹੁਲ ਛਾਬੜਾ ਨੇ ਭਾਰਤੀ ਵਫ਼ਦ ਦੀ ਅਗਵਾਈ ਕੀਤੀ। ਦੱਖਣੀ ਅਫਰੀਕਾ ਗਣਰਾਜ ਤੋਂ ਸ਼੍ਰੀਮਾਨ ਡੇਵ ਮੈਲਕਮਸਨ ਅਤੇ ਬ੍ਰਾਜ਼ੀਲ ਸੰਘੀ ਗਣਰਾਜ ਦੇ ਸ਼ੇਰਪਾ ਨੋਰਬਰਟੋ ਮੋਰੇਟੀ ਨੇ ਬੈਠਕ ਵਿੱਚ ਆਪਣੇ ਆਪਣੇ ਵਫ਼ਦ ਦੀ ਅਗਵਾਈ ਕੀਤੀ।

3. ਬੈਠਕ ਵਿੱਚ ਸ਼ੇਰਪਾਵਾਂ ਨੇ ਆਪਣੀ ਪਿਛਲੀ ਮੁਲਾਕਾਤ ਤੋਂ ਬਾਅਦ IBSA ਹੇਠ ਹੋਈ ਤਰੱਕੀ ਦਾ ਜਾਇਜ਼ਾ ਲਿਆ। IBSA ਸ਼ੇਰਪਾਵਾਂ ਨੇ ਸਾਂਝੇ ਕਾਰਜ ਸਮੂਹਾਂ ਦੇ ਕੰਮਕਾਜ ਦਾ  ਜਾਇਜ਼ਾ ਵੀ ਲਿਆ।

4. ਸ਼ੇਰਪਾਵਾਂ ਨੇ IBSA ਅੰਦਰ ਹੋ ਰਹੀ ਤਰੱਕੀ 'ਤੇ ਖੁਸ਼ੀ ਜ਼ਾਹਰ ਕੀਤੀ। ਸ਼ੇਰਪਾਵਾਂ ਨੇ ਇਹ ਵੀ ਕਿਹਾ ਵਰਤਮਾਨ COVID -19 ਮਹਾਂਮਾਰੀ ਕਾਰਨ ਸੰਯੁਕਤ ਰਾਸ਼ਟਰ ਮਹਾਸਭਾ ਦੇ ਹਾਸ਼ੀਏ 'ਤੇ IBSA ਦੇ ਵਿਦੇਸ਼ ਮੰਤਰੀਆਂ ਦੀ ਨਿਯਮਤ ਬੈਠਕ ਸਮੇਤ ਕਈ ਗਤੀਵਿਧੀਆਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ।

5. ਸ਼ੇਰਪਾਵਾਂ ਨੂੰ ਇਸ ਸਾਲ ਬਾਅਦ ਵਿੱਚ ਦੱਖਣੀ ਅਫਰੀਕਾ ਦੇ ਤੱਟ 'ਤੇ ਹੋਣ ਵਾਲੇ 7ਵੇਂ IBSAMAR (ਸਾਂਝਾ ਸਮੁੰਦਰੀ ਅਭਿਆਸ) ਦੀ ਉਡੀਕ ਹੈ।

6. IBSA ਸ਼ੇਰਪਾਵਾਂ ਨੇ 20 ਦੇਸ਼ਾਂ ਵਿੱਚ ਫੈਲੇ ਅਤੇ 31 ਪ੍ਰੋਜੈਕਟ ਚਲਾ ਰਹੇ ਗਰੀਬੀ ਅਤੇ ਭੁੱਖ ਮਿਟਾਉਣ ਲਈ IBSA ਫੰਡ ਦੁਆਰਾ ਕੀਤੇ ਕੰਮ ਪ੍ਰਤੀ ਆਪਣੀ ਸ਼ਲਾਘਾ ਦੁਹਰਾਈ। IBSA ਫੰਡ ਨੇ ਬਹੁਤ ਸਾਰੀ ਪ੍ਰਸ਼ੰਸਾ ਹਾਸਲ ਕੀਤੀ ਹੈ।

7. ਉਨ੍ਹਾਂ ਨੇ RIS ਵਿਖੇ 2017 ਵਿਚ ਭਾਰਤ ਦੀ ਪਹਿਲ ਤੇ ਅਰੰਭੇ ਗਏ ਫੈਲੋਸ਼ਿਪ ਪ੍ਰੋਗਰਾਮ ਦੀ ਤਾਰੀਫ ਵੀ ਕੀਤੀ। ਉਹ IBSA ਫੈਲੋਸ਼ਿਪ ਪ੍ਰੋਗਰਾਮ ਦੇ ਅਗਲੇ ਗੇੜ ਦੀ ਉਡੀਕ ਕਰ ਰਹੇ ਸਨ।

ਨਵੀਂ ਦਿੱਲੀ
6 ਅਗਸਤ, 2020

DISCLAIMER: This is an approximate translation. The original is available in English on MEA’s website and may be referred to as the official press release.